

# ਅਧਿਕਾਰਾਂ 'ਤੇ ਅਧਾਰਿਤ ਨਵਾਂ ਬਿਰਧ ਦੇਖਭਾਲ ਕਾਨੂੰਨ

ਇਹ ਨਵਾਂ ਬਿਰਧ ਦੇਖਭਾਲ ਕਾਨੂੰਨ ਬਜ਼ੁਰਗ ਲੋਕਾਂ ਦੇ ਅਧਿਕਾਰਾਂ ਨੂੰ ਪਹਿਲ ਦੇਵੇਗਾ। ਇਸ ਵਿੱਚ ਬਿਰਧ ਦੇਖਭਾਲ ਸੇਵਾਵਾਂ ਲੈ ਰਹੇ ਬਜ਼ੁਰਗ ਲੋਕਾਂ ਲਈ Statement of Rights [ਅਧਿਕਾਰਾਂ ਦਾ ਬਿਆਨ] ਸ਼ਾਮਲ ਹੈ। ਇਹ ਤੱਥ-ਸ਼ੀਟ ਉਨ੍ਹਾਂ ਅਧਿਕਾਰਾਂ ਦੀ ਸਰਲ ਭਾਸ਼ਾ ਵਿੱਚ ਸੰਖੇਪ ਜਾਣਕਾਰੀ ਦਿੰਦੀ ਹੈ।

## ਅਧਿਕਾਰਾਂ ਦੇ ਬਿਆਨ ਬਾਰੇ

ਆਸਟ੍ਰੇਲੀਆਈ ਸਰਕਾਰ ਆਸਟ੍ਰੇਲੀਆ ਦੇ ਬਿਰਧ ਦੇਖਭਾਲ ਕਾਨੂੰਨਾਂ ਨੂੰ ਬਦਲ ਰਹੀ ਹੈ। *Aged Care Act 2024 [ਬਿਰਧ ਦੇਖਭਾਲ ਕਾਨੂੰਨ 2024]* (ਇਸ ਨਵੇਂ ਕਾਨੂੰਨ) ਵਿੱਚ ਅਧਿਕਾਰਾਂ ਦਾ ਬਿਆਨ ਸ਼ਾਮਲ ਹੈ। ਇਹ ਦੱਸਦਾ ਹੈ ਕਿ ਆਸਟ੍ਰੇਲੀਆਈ ਸਰਕਾਰ ਦੁਆਰਾ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਲੈਣ ਵੇਲੇ ਬਜ਼ੁਰਗ ਲੋਕਾਂ ਕੋਲ ਕੀ-ਕੀ ਅਧਿਕਾਰ ਹੁੰਦੇ ਹਨ। 1 ਨਵੰਬਰ 2025 ਨੂੰ ਇਹ ਨਵਾਂ ਅਧਿਕਾਰਾਂ ਦਾ ਬਿਆਨ ਬਿਰਧ ਦੇਖਭਾਲ ਅਧਿਕਾਰਾਂ ਦੇ ਮੌਜੂਦਾ ਚਾਰਟਰ ਦੀ ਥਾਂ ਲਵੇਗਾ।

ਨਵੇਂ ਕਾਨੂੰਨ ਅਧੀਨ ਅਧਿਕਾਰਾਂ ਦਾ ਇਹ ਸੰਪੂਰਨ ਬਿਆਨ ਇਸ ਤੱਥ-ਸ਼ੀਟ ਦੇ ਅੰਤ ਵਿੱਚ ਦਿੱਤਾ ਗਿਆ ਹੈ।

## ਤੁਹਾਡੇ ਲਈ ਇਸ ਅਧਿਕਾਰਾਂ ਦੇ ਬਿਆਨ ਦਾ ਕੀ ਮਤਲਬ ਹੈ

ਅਧਿਕਾਰਾਂ ਦਾ ਬਿਆਨ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗਾ ਕਿ ਤੁਸੀਂ ਆਪਣੀ ਬਿਰਧ ਦੇਖਭਾਲ ਦੇ ਧਿਆਨ ਦਾ ਕੇਂਦਰ ਹੋ।

ਇਹ ਤੁਹਾਨੂੰ ਇਹ ਅਧਿਕਾਰ ਦਿੰਦਾ ਹੈ ਕਿ:

- ਤੁਸੀਂ ਆਪਣੀ ਜ਼ਿੰਦਗੀ ਬਾਰੇ ਆਪਣੇ ਆਪ ਫ਼ੈਸਲੇ ਕਰ ਸਕੋ
- ਤੁਹਾਡੇ ਫ਼ੈਸਲੇ ਸਿਰਫ਼ ਸਵੀਕਾਰ ਹੀ ਨਾ ਹੋਣ, ਸਗੋਂ ਸਨਮਾਨ ਵੀ ਹੋਵੇ

- ਤੁਸੀਂ ਫ਼ੈਸਲੇ ਕਰਨ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਾਪਤ ਕਰ ਸਕੋ
- ਤੁਸੀਂ ਆਪਣੀਆਂ ਇੱਛਾਵਾਂ, ਲੋੜਾਂ ਅਤੇ ਪਸੰਦਾਂ ਨੂੰ ਸਾਂਝਾ ਕਰ ਸਕੋ
- ਤੁਸੀਂ ਆਪਣੇ ਆਪ ਨੂੰ ਸੁਰੱਖਿਅਤ ਅਤੇ ਸਤਿਕਾਰਤ ਮਹਿਸੂਸ ਕਰ ਸਕੋ
- ਤੁਹਾਡੇ ਸੱਭਿਆਚਾਰ ਅਤੇ ਪਛਾਣ ਦਾ ਸਤਿਕਾਰ ਕੀਤਾ ਜਾਂਦਾ ਹੈ
- ਤੁਸੀਂ ਆਪਣੇ ਭਾਈਚਾਰੇ ਨਾਲ ਜੁੜੇ ਰਹਿ ਸਕੋ।

## ਆਤਮ-ਨਿਰਭਰਤਾ, ਮਰਜ਼ੀ ਅਤੇ ਨਿਯੰਤਰਨ

ਤੁਹਾਨੂੰ ਆਪਣੀ ਮਰਜ਼ੀ ਨਾਲ ਫ਼ੈਸਲੇ ਕਰਨ ਅਤੇ ਨਿਯੰਤਰਨ ਰੱਖਣ ਦਾ ਅਧਿਕਾਰ ਹੈ, ਜਿਸ ਵਿੱਚ ਸ਼ਾਮਲ ਹਨ:

- ਤੁਸੀਂ ਕਿਹੜੀਆਂ ਸਰਕਾਰੀ ਤੌਰ 'ਤੇ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਦੇ ਹੋ
- ਤੁਸੀਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਕਿਵੇਂ ਲੈਂਦੇ ਹੋ ਅਤੇ ਉਹਨਾਂ ਨੂੰ ਕੌਣ ਪ੍ਰਦਾਨ ਕਰਦਾ ਹੈ
- ਤੁਹਾਡੇ ਪੈਸੇ ਅਤੇ ਸਮਾਨ।

ਜੇਕਰ ਤੁਹਾਨੂੰ ਇਹ ਫ਼ੈਸਲੇ ਕਰਨ ਵਿੱਚ ਸਹਾਇਤਾ ਦੀ ਲੋੜ ਹੋਵੇ, ਤਾਂ ਤੁਹਾਨੂੰ ਇਹ ਸਹਾਇਤਾ ਲੈਣ ਦਾ ਵੀ ਅਧਿਕਾਰ ਹੈ।

ਤੁਹਾਨੂੰ ਇਹ ਵੀ ਚੁਣਨ ਦਾ ਅਧਿਕਾਰ ਹੈ ਕਿ ਤੁਸੀਂ ਕਿਵੇਂ ਜਿਊਣਾ ਚਾਹੁੰਦੇ ਹੋ, ਭਾਵੇਂ ਉਸ ਵਿੱਚ ਕੁੱਝ ਨਿੱਜੀ ਜ਼ੋਖਮ ਵੀ ਹੋਵੇ। ਉਦਾਹਰਨ ਵਜੋਂ, ਤੁਹਾਡੀ ਸਮਾਜਿਕ ਜ਼ਿੰਦਗੀ ਜਾਂ ਨਜ਼ਦੀਕੀ ਰਿਸ਼ਤਿਆਂ ਬਾਰੇ ਚੋਣਾਂ।

## ਨਿਰਪੱਖ ਪਹੁੰਚ

ਇਹ ਪਤਾ ਲਗਾਉਣ ਲਈ ਤੁਹਾਡਾ ਇੱਕ ਨਿਰਪੱਖ ਅਤੇ ਸਹੀ ਮੁਲਾਂਕਣ ਕਰਵਾਉਣ ਦਾ ਅਧਿਕਾਰ ਹੈ ਕਿ ਤੁਹਾਨੂੰ ਕਿਹੜੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਦੀ ਲੋੜ ਹੈ।

ਇਹ ਮੁਲਾਂਕਣ ਅਜਿਹੇ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ ਤੁਹਾਡੇ ਹਾਲਾਤ ਅਨੁਸਾਰ ਢੁੱਕਵਾਂ ਹੋਵੇ। ਇਹ ਮੁਲਾਂਕਣ ਤੁਹਾਡੀ ਹੇਠ ਲਿਖੀਆਂ ਗੱਲਾਂ ਦਾ ਆਦਰ ਕਰੇ:

- ਸੱਭਿਆਚਾਰ ਅਤੇ ਪਿਛੋਕੜ ਦਾ
- ਨਿੱਜੀ ਅਨੁਭਵ ਅਤੇ ਕਿਸੇ ਵੀ ਸਦਮੇ ਦਾ
- ਤੁਹਾਡੀ ਸਮਝਣ ਦੀ ਯੋਗਤਾ ਨਾਲ ਜੁੜੀਆਂ ਬਿਮਾਰੀਆਂ, ਜਿਵੇਂ ਕਿ ਡਿਮੈਂਸ਼ੀਆ

ਤੁਹਾਨੂੰ ਇਹ ਵੀ ਅਧਿਕਾਰ ਹੈ ਕਿ ਤੁਹਾਨੂੰ ਜਦੋਂ ਲੋੜ ਹੋਵੇ, ਤਦੋਂ ਤੁਹਾਨੂੰ ਉਹ ਸੰਭਾਲ ਮਿਲੇ ਜੋ ਤੁਹਾਨੂੰ ਚਾਹੀਦੀ ਹੈ। ਇਸ ਵਿੱਚ ਪੈਲੀਏਟਿਵ ਕੇਅਰ (ਦਰਦ ਤੋਂ ਰਾਹਤ ਵਾਲੀ ਦੇਖਭਾਲ) ਅਤੇ end-of-life care [ਜੀਵਨ-ਦੇ-ਅੰਤ ਵੇਲੇ ਦੀ ਦੇਖਭਾਲ] ਵੀ ਸ਼ਾਮਲ ਹਨ।

## ਸੁਰੱਖਿਆ ਅਤੇ ਗੁਣਵੱਤਾ

ਤੁਹਾਡਾ ਇਹ ਅਧਿਕਾਰ ਹੈ ਕਿ ਤੁਹਾਨੂੰ ਸੁਰੱਖਿਅਤ, ਉੱਚ ਗੁਣਵੱਤਾ ਵਾਲੀਆਂ ਅਤੇ ਮਾਲੀ ਸਹਾਇਤਾ ਪ੍ਰਾਪਤ ਨਿਰਪੱਖ ਬਿਰਧ ਦੇਖਭਾਲ ਸੇਵਾਵਾਂ ਮਿਲਣ, ਜੋ ਤੁਹਾਡੇ ਨਾਲ ਸਨਮਾਨ ਅਤੇ ਸਤਿਕਾਰ ਨਾਲ ਪੇਸ਼ ਆਉਣ।

ਇਸ ਵਿੱਚ ਅਜਿਹੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਦਾ ਅਧਿਕਾਰ ਸ਼ਾਮਲ ਹੈ, ਜੋ:

- ਤੁਹਾਡੀ ਪਛਾਣ, ਸੱਭਿਆਚਾਰ ਅਤੇ ਪਿਛੋਕੜ ਦੀ ਕਦਰ ਅਤੇ ਸਮਰਥਨ ਕਰਦੀਆਂ ਹਨ
- ਤੁਹਾਡੇ ਅਨੁਭਵ ਦਾ ਸਤਿਕਾਰ ਕਰਦੀਆਂ ਹਨ, ਜਿਸ ਵਿੱਚ ਕਿਸੇ ਸਦਮੇ ਦਾ ਹੋਣਾ ਵੀ ਸ਼ਾਮਲ ਹੈ
- ਤੁਹਾਡੇ ਲਈ ਪਹੁੰਚਯੋਗ ਹਨ ਅਤੇ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ
- ਹਿੰਸਾ, ਦੁਰਵਿਵਹਾਰ ਅਤੇ ਅਣਗਹਿਲੀ ਤੋਂ ਰਹਿਤ ਹਨ।

ਤੁਹਾਨੂੰ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਅਜਿਹੇ:

- ਕਰਮਚਾਰੀਆਂ ਤੋਂ ਲੈਣ ਦਾ ਅਧਿਕਾਰ ਹੈ ਜਿਨ੍ਹਾਂ ਕੋਲ ਸਹੀ ਸਿਖਲਾਈ, ਹੁਨਰ ਅਤੇ ਅਨੁਭਵ ਹੈ
- ਸੇਵਾ ਪ੍ਰਦਾਤਾਵਾਂ ਤੋਂ ਲੈਣ ਦਾ ਅਧਿਕਾਰ ਹੈ ਬਿਰਧ ਦੇਖਭਾਲ ਕਾਨੂੰਨਾਂ ਦੇ ਅਧੀਨ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ।

ਜੇਕਰ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹੋ, ਤਾਂ ਤੁਸੀਂ ਵਕੀਲਾਂ, ਸੋਸ਼ਲ ਵਰਕਰਾਂ ਅਤੇ ਹੋਰ ਮਾਹਿਰਾਂ ਤੋਂ ਮੁਫ਼ਤ ਸਹਾਇਤਾ ਲੈ ਸਕਦੇ ਹੋ। ਬਿਰਧਾਂ ਨਾਲ ਦੁਰਵਿਵਹਾਰ ਕਰਨ ਵਿਰੁੱਧ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਅਟਾਰਨੀ-ਜਨਰਲ ਦੀ ਵੈੱਬਸਾਈਟ 'ਤੇ ਜਾਓ।

## ਤੁਹਾਡੀ ਨਿੱਜਤਾ ਅਤੇ ਜਾਣਕਾਰੀ ਦਾ ਸਨਮਾਨ

ਤੁਹਾਡਾ ਸੇਵਾ ਪ੍ਰਦਾਤਾ ਲਾਜ਼ਮੀ ਤੌਰ 'ਤੇ:

- ਤੁਹਾਡੀ ਨਿੱਜੀ ਗੁਪਤਤਾ ਦਾ ਆਦਰ ਕਰੇ
- ਤੁਹਾਡੀ ਨਿੱਜੀ ਜਾਣਕਾਰੀ ਦੀ ਸੁਰੱਖਿਆ ਕਰੇ, ਜਿਵੇਂ ਕਿ ਤੁਹਾਡੀ ਸਿਹਤ ਅਤੇ ਵਿੱਤੀ ਹਾਲਤ ਬਾਰੇ ਜਾਣਕਾਰੀ
- ਤੁਹਾਨੂੰ ਇਹ ਚੋਣ ਕਰਨ ਦੀ ਆਗਿਆ ਦੇਵੇ ਕਿ ਤੁਹਾਡੀ ਨਿੱਜੀ ਜਾਣਕਾਰੀ ਕਦੋਂ ਕਿਸੇ ਹੋਰ ਵਿਅਕਤੀ, ਜਿਵੇਂ ਕਿ ਤੁਹਾਡੇ ਵਕੀਲ ਜਾਂ ਪੱਖਪੂਰਕ ਨੂੰ ਦਿੱਤੀ ਜਾ ਸਕਦੀ ਹੈ।

ਤੁਹਾਨੂੰ ਆਪਣੇ ਅਧਿਕਾਰਾਂ ਅਤੇ ਤੁਹਾਡੇ ਦੁਆਰਾ ਵਰਤੀਆਂ ਜਾਣ ਵਾਲੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਬਾਰੇ ਰਿਕਾਰਡ ਅਤੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ ਵਿੱਚ ਇਹ ਜਾਣਕਾਰੀ ਵੀ ਸ਼ਾਮਲ ਹੈ ਕਿ ਉਨ੍ਹਾਂ ਸੇਵਾਵਾਂ ਦੀ ਕੀਮਤ ਕਿੰਨੀ ਹੈ।

## ਅਜਿਹੀ ਤਰੀਕੇ ਨਾਲ ਗੱਲਬਾਤ, ਜੋ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੋਵੇ

ਤੁਹਾਡੇ ਕੋਲ ਇਹ ਅਧਿਕਾਰ ਹੈ ਕਿ ਤੁਸੀਂ:

- ਅਜਿਹੇ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਕਰੋ ਜੋ ਤੁਸੀਂ ਅਸਾਨੀ ਨਾਲ ਸਮਝ ਸਕੋ

- ਫੀਡਬੈਕ ਦੇ ਸਕੋ।

ਤੁਹਾਨੂੰ ਆਪਣੀ ਪਸੰਦੀਦਾ ਭਾਸ਼ਾ ਜਾਂ ਗੱਲਬਾਤ ਕਰਨ ਦੇ ਤਰੀਕੇ ਨਾਲ ਗੱਲ ਕਰਨ ਦਾ ਅਧਿਕਾਰ ਹੈ। ਇਸ ਵਿੱਚ ਦੁਭਾਸ਼ੀਏ ਜਾਂ ਗੱਲਬਾਤ ਕਰਨ ਦੇ ਹੋਰ ਸਾਧਨਾਂ ਦੀ ਵਰਤੋਂ ਕਰਨਾ ਵੀ ਸ਼ਾਮਲ ਹੈ ਜੇਕਰ ਤੁਹਾਨੂੰ ਉਹਨਾਂ ਦੀ ਲੋੜ ਹੈ।

ਤੁਹਾਨੂੰ ਆਪਣੇ ਪ੍ਰਦਾਤਾ ਅਤੇ ਆਪਣੇ ਸਹਾਇਤਾ ਕਰਨ ਵਾਲਿਆਂ ਨਾਲ ਇਸ ਤਰੀਕੇ ਨਾਲ ਮਿਲਣ ਦਾ ਵੀ ਅਧਿਕਾਰ ਹੈ ਜੋ ਤੁਹਾਡੇ ਲਈ ਢੁੱਕਵਾਂ ਹੋਵੇ। ਇਸਦਾ ਅਰਥ ਦਿਨ ਦੌਰਾਨ ਉਸ ਸਮੇਂ ਮਿਲਣਾ ਹੋ ਸਕਦਾ ਹੈ ਜੋ ਤੁਹਾਡੇ ਲਈ ਸਭ ਤੋਂ ਵਧੀਆ ਹੋਵੇ।

### ਮੁੱਦਿਆਂ ਨੂੰ ਜਲਦੀ ਅਤੇ ਨਿਰਪੱਖਤਾ ਨਾਲ ਉਠਾਉਣ ਲਈ ਸਹਾਇਤਾ

ਜਦੋਂ ਤੁਹਾਡੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਵਿੱਚ ਕੋਈ ਸਮੱਸਿਆਵਾਂ ਆਉਂਦੀਆਂ ਹਨ, ਤਾਂ ਤੁਹਾਨੂੰ ਇਹ ਅਧਿਕਾਰ ਹੈ:

- ਆਪਣੇ ਸੇਵਾ ਪ੍ਰਦਾਤਾ ਤੋਂ ਸਹਾਇਤਾ ਪ੍ਰਾਪਤ ਕਰੋ
- ਬਿਨਾਂ ਕਿਸੇ ਡਰ ਜਾਂ ਸਜ਼ਾ ਦੇ, ਸ਼ਿਕਾਇਤ ਦਰਜ ਕਰ ਸਕੋ
- ਆਪਣੀਆਂ ਸ਼ਿਕਾਇਤਾਂ ਦਾ ਜਲਦੀ ਅਤੇ ਨਿਰਪੱਖ ਜਵਾਬ ਪ੍ਰਾਪਤ ਕਰੋ।

### ਲੋਕਾਂ ਅਤੇ ਭਾਈਚਾਰੇ ਨਾਲ ਮੇਲ-ਜੋਲ ਅਤੇ ਸਹਾਇਤਾ

ਤੁਹਾਨੂੰ ਆਪਣੇ ਅਧਿਕਾਰਾਂ ਨੂੰ ਸਮਝਣ, ਫ਼ੈਸਲੇ ਲੈਣ ਜਾਂ ਸ਼ਿਕਾਇਤ ਕਰਨ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ। ਤੁਹਾਨੂੰ ਇਹ ਸਹਾਇਤਾ ਕਿਸੇ ਨਿਰਪੱਖ ਪੱਖਪੂਰਕ ਜਾਂ ਤੁਹਾਡੇ ਦੁਆਰਾ ਚੁਣੇ ਗਏ ਕਿਸੇ ਹੋਰ ਵਿਅਕਤੀ ਤੋਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਤੁਹਾਨੂੰ ਆਪਣੇ ਪੱਖਪੂਰਕ ਜਾਂ ਸਹਾਇਤਾ ਵਿਅਕਤੀ ਨਾਲ ਕਿਸੇ ਵੀ ਸਮੇਂ ਗੱਲਬਾਤ ਕਰਨ ਦਾ ਅਧਿਕਾਰ ਹੈ।

ਸੇਵਾ ਪ੍ਰਦਾਤਾਵਾਂ ਨੂੰ ਉਨ੍ਹਾਂ ਲੋਕਾਂ ਦੀ ਭੂਮਿਕਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਜੋ ਤੁਹਾਡੇ ਲਈ ਮਹੱਤਵਪੂਰਨ ਹਨ। ਉਦਾਹਰਨ ਵਜੋਂ, ਪਰਿਵਾਰ, ਦੋਸਤ ਅਤੇ ਦੇਖਭਾਲ ਕਰਨ ਵਾਲੇ।

ਤੁਹਾਨੂੰ ਇਨ੍ਹਾਂ ਨਾਲ ਜੁੜੇ ਰਹਿਣ ਦਾ ਅਧਿਕਾਰ ਹੈ:

- ਉਹ ਲੋਕ ਜੋ ਤੁਹਾਡੇ ਲਈ ਮਹੱਤਵਪੂਰਨ ਹਨ
- ਆਪਣੇ ਭਾਈਚਾਰੇ ਨਾਲ, ਜਿਸ ਵਿੱਚ ਮਨੋਰੰਜਨ ਜਾਂ ਸੱਭਿਆਚਾਰਕ ਗਤਿਵਿਧੀਆਂ ਵਿੱਚ ਭਾਗ ਲੈਣਾ ਸ਼ਾਮਲ ਹੈ
- ਆਪਣੇ ਪਾਲਤੂ ਜਾਨਵਰਾਂ ਨਾਲ।

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਆਪਣੇ ਭਾਈਚਾਰੇ, ਧਰਤੀ ਅਤੇ ਟਾਪੂ ਵਾਲੇ ਘਰ ਨਾਲ ਜੁੜੇ ਰਹਿਣ ਦਾ ਅਧਿਕਾਰ ਹੈ।

## ਇਹ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਤੁਹਾਡੇ ਅਧਿਕਾਰ ਬਰਕਰਾਰ ਹਨ?

ਤੁਹਾਡਾ ਸੇਵਾ ਪ੍ਰਦਾਤਾ ਲਾਜ਼ਮੀ ਤੌਰ 'ਤੇ ਅਧਿਕਾਰਾਂ ਦੇ ਬਿਆਨ ਨੂੰ ਸਮਝੇ ਅਤੇ ਉਸ ਦੀ ਪਾਲਣਾ ਕਰੇ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਤੁਸੀਂ ਸ਼ਿਕਾਇਤ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ।

ਤੁਸੀਂ ਔਨਲਾਈਨ, ਫ਼ੋਨ ਜਾਂ ਚਿੱਠੀ ਰਾਹੀਂ ਸ਼ਿਕਾਇਤ ਕਰ ਸਕਦੇ ਹੋ। ਹੋਰ ਜਾਣਕਾਰੀ ਲਈ Aged Care Quality and Safety Commission [ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ] ਦੀ ਵੈੱਬਸਾਈਟ 'ਤੇ ਜਾਓ।

ਜੇਕਰ ਤੁਹਾਨੂੰ ਸ਼ਿਕਾਇਤ ਕਰਨ ਜਾਂ ਜਾਣਕਾਰੀ ਲੱਭਣ ਲਈ ਸਹਾਇਤਾ ਦੀ ਲੋੜ ਹੈ, ਤਾਂ Older Persons Advocacy Network (OPAN) [ਬਜ਼ੁਰਗ ਵਿਅਕਤੀਆਂ ਦੇ ਵਕਾਲਤ ਨੈੱਟਵਰਕ] ਨੂੰ 1800 700 600 'ਤੇ ਫ਼ੋਨ ਕਰੋ।

OPAN ਕੋਲ ਤੁਹਾਡੀ ਸਹਾਇਤਾ ਕਰਨ ਲਈ ਮੁਫ਼ਤ, ਨਿਰਪੱਖ ਅਤੇ ਗੁਪਤਤਾ ਰੱਖਣ ਵਾਲੇ ਵਕੀਲ ਹਨ।

## ਇਸ ਨਵੇਂ ਕਾਨੂੰਨ ਵਿੱਚੋਂ ਅਧਿਕਾਰਾਂ ਦਾ ਸੰਪੂਰਨ ਬਿਆਨ

ਹੇਠਾਂ ਇਸ ਨਵੇਂ ਕਾਨੂੰਨ ਦੀ ਧਾਰਾ 23 ਦੇ ਅਧੀਨ ਅਧਿਕਾਰਾਂ ਦਾ ਸੰਪੂਰਨ ਬਿਆਨ ਦਿੱਤਾ ਗਿਆ ਹੈ।

*ਆਤਮ-ਨਿਰਭਰਤਾ, ਖੁਦਮੁਖਤਿਆਰੀ, ਅਧਿਕਾਰ ਹੋਣਾ ਅਤੇ ਮਰਜ਼ੀ ਕਰਨ ਦੀ ਆਜ਼ਾਦੀ*

(1) ਇੱਕ ਵਿਅਕਤੀ ਨੂੰ ਇਹ ਕਰਨ ਦਾ ਅਧਿਕਾਰ ਹੈ ਕਿ ਉਹ:

- (a) ਮਰਜ਼ੀ ਨਾਲ ਚੁਣਨ ਅਤੇ ਅਜਿਹੇ ਫ਼ੈਸਲੇ ਲੈਣ, ਜੋ ਉਸ ਵਿਅਕਤੀ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਵਿੱਚ ਹੇਠ ਲਿਖੇ ਮਾਮਲੇ ਸ਼ਾਮਲ ਹੋ ਸਕਦੇ ਹਨ:
  - (i) ਜਿਨ੍ਹਾਂ ਲਈ ਵਿਅਕਤੀ ਨੂੰ ਮੰਨਜ਼ੂਰੀ ਦਿੱਤੀ ਗਈ ਹੋਵੇ, ਉਹ ਵਿਅਕਤੀ ਉਨ੍ਹਾਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਨੂੰ ਲੈ ਸਕੇ;
  - (ii) ਇਹ ਫ਼ੈਸਲਾ ਕਿ ਉਹ ਸੇਵਾਵਾਂ ਕਿਵੇਂ, ਕਦੋਂ ਅਤੇ ਕਿਸ ਵੱਲੋਂ ਦਿੱਤੀਆਂ ਜਾਣਗੀਆਂ;
  - (iii) ਉਸ ਵਿਅਕਤੀ ਦੇ ਵਿੱਤੀ ਮਾਮਲੇ ਅਤੇ ਨਿੱਜੀ ਸਮਾਨ; ਅਤੇ
- (b) ਫ਼ੈਸਲਿਆਂ ਨੂੰ ਲੈਣ ਲਈ (ਜੇਕਰ ਜ਼ਰੂਰੀ ਹੋਵੇ) ਸਹਾਇਤਾ ਲੈਣ, ਅਤੇ ਉਹਨਾਂ ਫ਼ੈਸਲਿਆਂ ਦਾ ਸਤਿਕਾਰ ਕੀਤਾ ਜਾਵੇ; ਅਤੇ
- (c) ਨਿੱਜੀ ਜੋਖਮ ਲੈਣ, ਜਿਸ ਵਿੱਚ ਵਿਅਕਤੀ ਦੀ ਜੀਵਨ ਗੁਣਵੱਤਾ, ਸਮਾਜਿਕ ਮੇਲ-ਜੋਲ ਅਤੇ ਜੀਵਨ-ਸਾਥੀ ਅਤੇ ਜਿਨਸੀ ਰਿਸ਼ਤਿਆਂ ਦੀ ਪੈਰਵੀ ਕਰਨਾ ਸ਼ਾਮਲ ਹੈ।

*ਇੱਕ-ਬਰਾਬਰ ਪਹੁੰਚ*

(2) ਇੱਕ ਵਿਅਕਤੀ ਨੂੰ ਇਨ੍ਹਾਂ ਤੱਕ ਬਰਾਬਰ ਪਹੁੰਚ ਮਿਲਣ ਦਾ ਅਧਿਕਾਰ ਹੈ:

- (a) ਉਸ ਵਿਅਕਤੀ ਲਈ ਬਿਰਧ ਦੇਖਭਾਲ ਸੇਵਾਵਾਂ ਦੀ ਲੋੜ ਦਾ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਇਸ ਢੰਗ ਨਾਲ ਕੀਤਾ ਜਾਵੇ ਜੋ:
  - (i) ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸੱਭਿਆਚਾਰਕ ਤੌਰ 'ਤੇ ਢੁੱਕਵਾਂ, ਸਦਮੇ-ਤੋਂ-ਜਾਣੂ ਅਤੇ ਇਲਾਜ-ਤੋਂ-ਜਾਣੂ ਹੋਵੇ; ਅਤੇ
  - (ii) ਉਹ ਡਿਮੈਂਸ਼ੀਆ ਜਾਂ ਹੋਰ ਬੋਧਾਤਮਕ ਕਮਜ਼ੋਰੀ ਨਾਲ ਜੀਵਨ ਬਤੀਤ ਕਰ ਰਹੇ ਵਿਅਕਤੀਆਂ ਲਈ ਪਹੁੰਚਯੋਗ ਅਤੇ ਢੁੱਕਵਾਂ ਹੋਵੇ; ਅਤੇ
- (b) ਜਦੋਂ ਲੋੜ ਹੋਵੇ, ਤਾਂ ਉਚਿਤ ਰੂਪ ਵਿੱਚ ਪੈਲੀਏਟਿਵ ਕੇਅਰ ਅਤੇ ਜੀਵਨ-ਦੇ-ਅੰਤ ਦੀ ਸੰਭਾਲ ਮਿਲੇ।

*ਉੱਚ ਗੁਣਵੱਤਾ ਵਾਲੀਆਂ ਅਤੇ ਸੁਰੱਖਿਅਤ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ*

(3) ਇੱਕ ਵਿਅਕਤੀ ਨੂੰ ਇਹ ਅਧਿਕਾਰ ਹੈ ਕਿ:

  (a) ਉਸ ਨਾਲ ਮਾਣ ਅਤੇ ਸਨਮਾਨ ਵਾਲਾ ਵਤੀਰਾ ਕੀਤਾ ਜਾਵੇ; ਅਤੇ

  (b) ਸੁਰੱਖਿਅਤ, ਨਿਰਪੱਖ, ਬਰਾਬਰੀ ਵਾਲਾ ਅਤੇ ਭੇਦਭਾਵ-ਰਹਿਤ ਵਿਵਹਾਰ ਕੀਤਾ ਜਾਵੇ; ਅਤੇ

  (c) ਵਿਅਕਤੀ ਦੀ ਪਛਾਣ, ਸੱਭਿਆਚਾਰ, ਅਧਿਆਤਮਿਕਤਾ ਅਤੇ ਵਿਭਿੰਨਤਾ ਦੀ ਕਦਰ ਅਤੇ ਸਮਰਥਨ ਕੀਤਾ ਜਾਵੇ; ਅਤੇ

  (d) ਉਸ ਵਿਅਕਤੀ ਨੂੰ ਦਿੱਤੀਆਂ ਜਾਣ ਵਾਲੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ:

    (i) ਅਜਿਹੇ ਤਰੀਕੇ ਨਾਲ ਦਿੱਤੀਆਂ ਜਾਣ, ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸੱਭਿਆਚਾਰਕ ਤੌਰ 'ਤੇ ਢੁੱਕਵੀਆਂ, ਸਦਮੇ-ਤੋਂ-ਜਾਣੂ ਅਤੇ ਇਲਾਜ-ਤੋਂ-ਜਾਣੂ ਹੋਣ; ਅਤੇ

    (ii) ਪਹੁੰਚਯੋਗ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ; ਅਤੇ

    (iii) ਰਜਿਸਟਰਡ ਸੇਵਾ ਪ੍ਰਦਾਤਾਵਾਂ ਦੇ ਬਿਰਧ ਦੇਖਭਾਲ ਕਰਮਚਾਰੀਆਂ ਦੁਆਰਾ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਕੋਲ ਢੁੱਕਵੀਂ ਯੋਗਤਾ, ਹੁਨਰ ਅਤੇ ਤਜਰਬਾ ਹੈ।

(4) ਇੱਕ ਵਿਅਕਤੀ ਨੂੰ ਇਹ ਕਰਨ ਦਾ ਅਧਿਕਾਰ ਹੈ ਕਿ ਉਹ:

  (a) ਉਹ ਹਰ ਕਿਸਮ ਦੀ ਹਿੰਸਾ, ਅਪਮਾਨਜਨਕ ਜਾਂ ਅਣਮਨੁੱਖੀ ਵਿਵਹਾਰ, ਸ਼ੋਸ਼ਣ, ਨਜ਼ਰਅੰਦਾਜ਼ ਕੀਤੇ ਜਾਣ, ਜ਼ਬਰਦਸਤੀ, ਬਦਸਲੂਕੀ ਜਾਂ ਯੌਨ ਦੁਰਵਿਵਹਾਰ ਤੋਂ ਰਹਿਤ ਹੋਵੇ; ਅਤੇ

  (b) ਉਸਨੂੰ ਉੱਚ ਗੁਣਵੱਤਾ ਵਾਲੀਆਂ ਅਤੇ ਸੁਰੱਖਿਅਤ ਬਿਰਧ ਦੇਖਭਾਲ ਸੇਵਾਵਾਂ ਮਿਲਣ, ਜੋ ਕਿ ਇਸ ਕਾਨੂੰਨ ਅਧੀਨ ਰਜਿਸਟਰਡ ਸੇਵਾ ਪ੍ਰਦਾਤਾਵਾਂ 'ਤੇ ਲਾਗੂ ਕੀਤੇ ਗਏ ਨਿਯਮਾਂ ਅਨੁਸਾਰ ਲਗਾਤਾਰ ਦਿੱਤੀਆਂ ਜਾਣ।

ਨੋਟ: ਅਧਿਆਇ 3 ਦੇ ਭਾਗ 4 ਦੀ ਡਿਵਿਜ਼ਨ 1 ਰਜਿਸਟਰਡ ਸੇਵਾ ਪ੍ਰਦਾਤਾਵਾਂ 'ਤੇ ਲਾਗੂ ਸ਼ਰਤਾਂ ਨਾਲ ਸੰਬੰਧਿਤ ਹੈ, ਜਿਸ ਵਿੱਚ ਪਾਬੰਦੀਸ਼ੁਦਾ ਤਰੀਕਿਆਂ ਦੀ ਵਰਤੋਂ ਅਤੇ ਘਟਨਾਵਾਂ ਨਾਲ ਨਜਿੱਠਣ ਦੇ ਸੰਬੰਧ ਵਿੱਚ ਨਿਯਮ ਸ਼ਾਮਲ ਹਨ।

*ਨਿੱਜਤਾ ਅਤੇ ਜਾਣਕਾਰੀ ਦਾ ਸਤਿਕਾਰ*

(5) ਇੱਕ ਵਿਅਕਤੀ ਨੂੰ ਇਹ ਅਧਿਕਾਰ ਹੈ ਕਿ ਉਸਦੀ:

  (a) ਨਿੱਜੀ ਨਿੱਜਤਾ ਦਾ ਸਤਿਕਾਰ ਕੀਤਾ ਜਾਵੇ; ਅਤੇ

  (b) ਨਿੱਜੀ ਜਾਣਕਾਰੀ ਸੁਰੱਖਿਅਤ ਰੱਖੀ ਜਾਵੇ।

(6) ਇੱਕ ਵਿਅਕਤੀ ਨੂੰ ਇਹ ਅਧਿਕਾਰ ਹੈ ਕਿ ਉਹ ਇਸ ਧਾਰਾ ਦੇ ਤਹਿਤ ਵਿਅਕਤੀ ਦੇ ਅਧਿਕਾਰਾਂ ਅਤੇ ਉਸ ਵੱਲੋਂ ਵਰਤੀਆਂ ਜਾਣ ਵਾਲੀਆਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਬਾਰੇ ਰਿਕਾਰਡ ਅਤੇ ਜਾਣਕਾਰੀ ਮੰਗ ਸਕੇ ਅਤੇ ਪ੍ਰਾਪਤ ਕਰ ਸਕੇ, ਜਿਸ ਵਿੱਚ ਉਹਨਾਂ ਸੇਵਾਵਾਂ ਦੀ ਲਾਗਤ ਸ਼ਾਮਲ ਹੈ।

*ਵਿਅਕਤੀ-ਕੇਂਦ੍ਰਿਤ ਸੰਚਾਰ ਅਤੇ ਬਿਨਾਂ ਕਿਸੇ ਬਦਲੇ ਦੇ ਡਰ ਤੋਂ ਮੁੱਦੇ ਉਠਾਉਣ ਦੀ ਆਜ਼ਾਦੀ*

(7) ਇੱਕ ਵਿਅਕਤੀ ਨੂੰ ਇਹ ਕਰਨ ਦਾ ਅਧਿਕਾਰ ਹੈ ਕਿ ਉਹ:

(a) ਉਹ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਬਾਰੇ, ਜਿਨ੍ਹਾਂ ਦੀ ਉਹ ਵਰਤੋਂ ਕਰ ਰਿਹਾ ਹੈ, ਉਸ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਕਰੇ ਜੋ ਉਹ ਅਸਾਨੀ ਨਾਲ ਸਮਝ ਸਕੇ; ਅਤੇ

(b) ਉਹ ਉਨ੍ਹਾਂ ਬਿਰਧ ਦੇਖਭਾਲ ਸੇਵਾਵਾਂ ਬਾਰੇ ਆਪਣੀ ਰਾਏ ਪ੍ਰਗਟ ਕਰ ਸਕੇ, ਜਿਨ੍ਹਾਂ ਦੀ ਉਹ ਵਰਤੋਂ ਕਰ ਰਿਹਾ ਹੈ ਅਤੇ ਉਸ ਦੀ ਗੱਲ ਸੁਣੀ ਜਾਵੇ।

(8) ਇੱਕ ਵਿਅਕਤੀ ਨੂੰ ਆਪਣੀ ਪਸੰਦੀਦਾ ਭਾਸ਼ਾ ਜਾਂ ਗੱਲਬਾਤ ਕਰਨ ਦੇ ਤਰੀਕੇ ਨਾਲ ਗੱਲ ਕਰਨ ਦਾ ਅਧਿਕਾਰ ਹੈ, ਅਤੇ ਜੇ ਲੋੜ ਹੋਵੇ ਤਾਂ ਦੁਭਾਸ਼ੀਏ ਜਾਂ ਹੋਰ ਸੰਚਾਰ ਸਹਾਇਤਾ ਸਾਧਨਾਂ ਦੀ ਸਹੂਲਤ ਲੈਣ ਦਾ ਵੀ।

(9) ਇੱਕ ਵਿਅਕਤੀ ਨੂੰ ਇਹ ਕਰਨ ਦਾ ਅਧਿਕਾਰ ਹੈ ਕਿ ਉਹ:

(a) ਜਦੋਂ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਸਮੱਸਿਆ ਆਉਂਦੀ ਹੈ, ਤਾਂ ਰਜਿਸਟਰਡ ਸੇਵਾ ਪ੍ਰਦਾਤਾਵਾਂ ਵੱਲੋਂ ਖੁੱਲ੍ਹਕੇ ਗੱਲਬਾਤ ਕੀਤੀ ਜਾਵੇ ਅਤੇ ਸਹਾਇਤਾ ਮਿਲੇ; ਅਤੇ

(b) ਵਿਅਕਤੀ ਨੂੰ ਮਾਲੀ ਸਹਾਇਤਾ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਮਿਲਣ ਬਾਰੇ, ਬਦਲੇ ਦੇ ਡਰ ਤੋਂ ਬਿਨਾਂ, ਇੱਕ ਪਹੁੰਚਯੋਗ ਤਰੀਕੇ ਦੀ ਵਰਤੋਂ ਕਰਕੇ ਸ਼ਿਕਾਇਤਾਂ ਕਰਨ ਦਾ; ਅਤੇ

(c) ਉਸ ਵਿਅਕਤੀ ਦੀਆਂ ਸ਼ਿਕਾਇਤਾਂ ਦਾ ਨਿਆਂਪੂਰਨ ਅਤੇ ਛੇਤੀ ਨਿਪਟਾਰਾ ਕੀਤਾ ਜਾਵੇ।

*ਪੱਖਪੂਰਕ, ਮਹੱਤਵਪੂਰਨ ਵਿਅਕਤੀ ਅਤੇ ਸਮਾਜਿਕ ਸੰਬੰਧ*

(10) ਹਰੇਕ ਵਿਅਕਤੀ ਨੂੰ ਆਪਣੀ ਪਸੰਦ ਦੇ ਪੱਖਪੂਰਕ ਜਾਂ ਹੋਰ ਵਿਅਕਤੀ ਦੁਆਰਾ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਸ ਵਿੱਚ ਇਸ ਭਾਗ ਵਿੱਚ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਸਮੇਂ ਜਾਂ ਸਮਝਣ ਦੀ ਕੋਸ਼ਿਸ਼ ਕਰਦੇ ਸਮੇਂ, ਆਪਣੀ ਰਾਏ ਨੂੰ ਪ੍ਰਗਟ ਕਰਦੇ ਸਮੇਂ, ਆਪਣੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਲੈਣ ਅਤੇ ਸ਼ਿਕਾਇਤਾਂ ਕਰਨ ਜਾਂ ਫੀਡਬੈਕ ਦੇਣ ਵੇਲੇ ਦੇ ਸਮੇਂ ਸ਼ਾਮਲ ਹਨ।

(11) ਵਿਅਕਤੀ ਕੋਲ ਇਹ ਅਧਿਕਾਰ ਹੈ ਕਿ ਉਸਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਵਿਅਕਤੀਆਂ ਜਿਵੇਂ ਕਿ ਦੇਖਭਾਲ ਕਰਨ ਵਾਲੇ, ਆਉਣ ਵਾਲੇ ਮਹਿਮਾਨ ਅਤੇ ਵਾਲੰਟੀਅਰ ਦੀ ਭੂਮਿਕਾ ਨੂੰ ਸਵੀਕਾਰਿਆ ਜਾਵੇ ਅਤੇ ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇ।

(12) ਹਰੇਕ ਵਿਅਕਤੀ ਨੂੰ ਹੇਠ ਲਿਖਿਆਂ ਨਾਲ ਜੁੜੇ ਰਹਿਣ ਦੇ ਮੌਕੇ ਅਤੇ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ (ਜੇਕਰ ਉਹ ਵਿਅਕਤੀ ਅਜਿਹਾ ਕਰਨ ਦੀ ਚੋਣ ਕਰਦਾ ਹੈ ਤਾਂ):

(a) ਉਸ ਵਿਅਕਤੀ ਦੇ ਜੀਵਨ ਵਿੱਚ ਮਹੱਤਵਪੂਰਨ ਵਿਅਕਤੀਆਂ ਅਤੇ ਪਾਲਤੂ ਜਾਨਵਰਾਂ ਨਾਲ, ਜਿਸ ਵਿੱਚ ਉਹ ਵਿਅਕਤੀ ਜਿਸ ਸਥਾਨ 'ਤੇ ਰਹਿ ਰਿਹਾ ਹੈ ਉੱਥੇ ਪਰਿਵਾਰਕ ਮੈਂਬਰਾਂ, ਦੋਸਤਾਂ, ਸੇਵਾਦਾਰਾਂ ਜਾਂ ਹੋਰ ਮੁਲਾਕਾਤੀਆਂ ਵੱਲੋਂ ਸੁਰੱਖਿਅਤ ਮੁਲਾਕਾਤ ਕਰਨਾ ਅਤੇ ਵਿਅਕਤੀ ਵੱਲੋਂ ਆਪਣੇ ਪਰਿਵਾਰ ਜਾਂ ਦੋਸਤਾਂ ਕੋਲ ਮਿਲਣ ਜਾਣਾ ਸ਼ਾਮਲ ਹਨ; ਅਤੇ

(b) ਵਿਅਕਤੀ ਦੀ ਭਾਈਚਾਰਕ ਜ਼ਿੰਦਗੀ ਨਾਲ, ਜਿਸ ਵਿੱਚ ਆਮ ਜੀਵਨ, ਮਨੋਰੰਜਨ, ਸੱਭਿਆਚਾਰਕ, ਆਧਿਆਤਮਿਕ ਅਤੇ ਜੀਵਨਸ਼ੈਲੀ ਸੰਬੰਧੀ ਗਤਿਵਿਧੀਆਂ ਵਿੱਚ ਭਾਗ ਲੈਣਾ ਸ਼ਾਮਲ ਹੈ; ਅਤੇ

(c) ਜੇਕਰ ਉਹ ਵਿਅਕਤੀ ਐਬੋਰਿਜ਼ਨਲ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਵਿਅਕਤੀ ਹੈ ਤਾਂ ਉਸਦੇ ਭਾਈਚਾਰੇ, ਜ਼ਮੀਨ ਅਤੇ ਟਾਪੂ ਵਾਲੇ ਘਰ ਨਾਲ।

(13) ਹਰੇਕ ਵਿਅਕਤੀ ਨੂੰ ਇਹ ਅਧਿਕਾਰ ਹੈ, ਕਿ ਉਹ ਕਿਸੇ ਵੀ ਸਮੇਂ ਆਪਣੀ ਮਰਜ਼ੀ ਨਾਲ, ਆਪਣੇ ਚੋਣੀਂਦੇ ਵਿਅਕਤੀ ਜਾਂ ਕਿਸੇ ਉਚਿਤ ਅਥਾਰਟੀ ਵੱਲੋਂ ਨਿਯੁਕਤ ਵਿਅਕਤੀ ਤੱਕ ਪਹੁੰਚ ਕਰ ਸਕੇ।